# Good Agricultural Practices (GAPs) ਖੇਤੀਬਾੜੀ ਦੇ ਚੰਗੇ ਅਭਿਆਸ (ਤੱਥ ਸ਼ੀਟ)



ਬੀ.ਸੀ ਦੀਆਂ ਬੇਰੀਆਂ ਕਈ ਪ੍ਰਕਾਰ ਦੀਆਂ ਹਾਲਤਾਂ ਤਹਿਤ ਉਗਾਈਆਂ, ਤੋੜੀਆਂ ਅਤੇ ਸੰਭਾਲੀਆਂ ਜਾਂਦੀਆਂ ਹਨ, ਜਿੰਨ੍ਹਾਂ ਲਈ ਖੇਤੀਬਾੜੀ ਦੀ ਕਈ ਤਰ੍ਹਾਂ ਦੀ ਤਕਨਾਲੋਜੀ ਦੀ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਕਿ ਬੀ ਸੀ 'ਚ ਪੈਦਾ ਹੋਈਆਂ ਬੇਰੀਆਂ ਕਦੇ ਵੀ ਖਾਧ ਪਦਾਰਥਾਂ ਤੋਂ ਲੱਗਣ ਵਾਲੀਆਂ ਬੀਮਾਰੀਆਂ ਦੇ ਸੋਮੇਂ ਵਜੋਂ ਨਹੀਂ ਜਾਣੀਆਂ ਗਈਆਂ, ਫਿਰ ਵੀ ਉਤਪਾਦਕਾਂ ਨੂੰ ਆਪਣੇ ਫਾਰਮਾਂ 'ਤੇ ਖਾਧ ਪਦਾਰਥਾਂ ਦੀ ਸੁਰੱਖਿਆ ਦੇ ਅਭਿਆਸਾਂ ਨੂੰ ਸੁਧਾਰਨ ਲਈ ਅਤੇ ਉਗਾਉਂਣ, ਤੋੜਨ ਅਤੇ ਸੰਭਾਲਣ ਦੌਰਾਨ ਬੇਰੀਆਂ ਦੇ ਭੌਤਿਕ, ਰਸਾਇਣਕ ਅਤੇ ਸੂਖਮਜੀਵੀ ਪ੍ਰਦੂਸ਼ਣਾਂ ਦੇ ਖਤਰੇ ਨੂੰ ਘਟਾਉਂਣ ਵਾਸਤੇ GAPs ਦੀ ਇਕ ਸਾਧਨ ਵਜੋਂ ਵਰਤੋਂ ਕਰਨੀ ਚਾਹੀਦੀ ਹੈ। ਖਰੀਦਣ ਦੀ ਇਕ ਸ਼ਰਤ ਵਜੋਂ ਖਰੀਦਦਾਰਾਂ ਦੀ, ਉਤਪਾਦਕ ਦੇ ਖਾਧ ਪਦਾਰਥਾਂ ਦੀ ਸੁਰੱਖਿਆ ਦੇ ਅਭਿਆਸਾਂ ਦਾ ਕਿਸੇ ਤੀਜੀ ਧਿਰ ਵਲੋਂ ਆਡਿਟ ਕਰਵਾਉਂਣ ਦੀ ਉੱਚੀ ਹੁੰਦੀ ਜਾ ਰਹੀ ਜ਼ਰੂਰਤ ਨੂੰ ਪੂਰਿਆਂ ਕਰਨ 'ਚ ਮਦਦਗਾਰ ਹੋਣ ਵਾਸਤੇ, ਉਤਪਾਦਕ ਨੂੰ GAPs ਦੀ ਵਰਤੋਂ ਕਰਨੀ ਚਾਹੀਦੀ ਹੈ। GAPs ਦੀ ਵਰਤੋਂ ਦਾ ਉਤਪਾਦਕ ਨੂੰ ਜੋ ਫਾਇਦਾ ਹੋ ਸਕਦਾ ਹੈ ਉਸ 'ਚ ਸ਼ਾਮਲ ਹੈ, ਪ੍ਰਦੂਸ਼ਣ ਦੀ ਸੰਭਾਵਨਾਂ ਦਾ ਘੱਟ ਤੋਂ ਘੱਟ ਹੋਣਾ, ਜਿਸ ਨਾਲ ਵਿੱਕਰੀ 'ਚ ਗਿਰਾਵਟ ਹੋਣਾ, ਪ੍ਰਸਿੱਧੀ ਨੂੰ ਹੁੰਦਾ ਨੁਕਸਾਨ ਅਤੇ ਵਿੱਤੀ ਨੁਕਸਾਨ ਘਟਣਗੇ। ਜਿਵੇਂ ਕਿ ਇੰਨ੍ਹਾਂ 'ਚੋਂ ਬਹੁਤੇ ਫਾਇਦੇ ਕਿਸੇ ਬਿਮਾਰੀ ਦੇ ਫੈਲਣ ਵੇਲੇ ਹੀ ਹੋਣਗੇ, ਖਾਧ ਪਦਾਰਥ ਸੁਰੱਖਿਆ ਪ੍ਰੋਗਰਾਮ ਦੇ ਬਣਾਏ ਦਸਤਾਵੇਜ਼ ਦਾ ਇਕ ਝਟਪਟਾ ਫਾਇਦਾ ਵਡੇਰੀ ਮਾਰਕੀਟ ਪਹੁੰਚ ਅਤੇ ਲੋੜੋਂ ਵੱਧ ਸਪਲਾਈ ਵਾਲੀ ਮਾਰਕੀਟ 'ਚ ਮੁਕਾਬਲਾ ਕਰਦਿਆਂ, ਮੁਕਾਬਲੇ ਦਾ ਇਕ ਸੰਦ ਹੋਣ 'ਚ ਹੋ ਸਕਦਾ ਹੈ, ਕਿਉਂਕਿ ਵਧੇਰੇ ਖਰੀਦਦਾਰ ਆਪਣੇ ਕਾਰੋਬਾਰ ਨੂੰ ਬੀਮਾਰੀ ਫੈਲਣ ਨਾਲ ਸਬੰਧਤ ਹੋਣ ਦੇ ਮੌਕਿਆਂ ਨੂੰ ਘਟਾਉਂਣ ਲਈ GAPs ਦੀ ਮੰਗ ਕਰਦੇ ਹਨ।





GAPs, ਵਰਤੋਂ ਵਿਚ ਆਉਂਣ ਵਾਲੇ ਅਤੇ ਵਾਜਬ ਅਸੂਲ ਹਨ ਜਿਹੜੇ ਫਾਰਮਾਂ 'ਚ ਬੇਰੀਆਂ ਉਪਰ ਖਾਧ ਪਦਾਰਥਾਂ ਵਾਲੇ ਰੋਗਾਣੂਆਂ ਦੇ ਖਤਰੇ ਨੂੰ ਘਟਾਉਂਣ ਲਈ ਲਾਗੂ ਕੀਤੇ ਜਾ ਸਕਦੇ ਹਨ। ਪੰਜ ਵੱਡੇ ਖੇਤਰ ਵਿਚਾਰਨਯੋਗ ਹਨ ਜਿੰਨ੍ਹਾਂ ਤੋਂ ਸਾਰੇ ਬੇਰੀ ਉਤਪਾਦਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਇੰਨ੍ਹਾਂ 'ਚ ਸ਼ਾਮਲ ਹਨ, ਖੇਤੀਬਾੜੀ 'ਚ ਵਰਤੇ ਜਾਂਦੇ ਪਾਣੀ ਦੀ ਕੁਆਲਿਟੀ, ਕੀਟਨਾਸ਼ਕਾਂ ਦੀ ਵਰਤੋਂ, ਖਾਦ ਦੀ ਵਰਤੋਂ, ਨਾਲ ਲੱਗਦੀ ਜ਼ਮੀਨ ਦੀ ਵਰਤੋਂ ਅਤੇ ਵਰਕਰਾਂ ਦੀ ਅਰੋਗਤਾ ਤੇ ਤੋੜਨ ਦੇ ਤਰੀਕੇ। ਉਤਪਾਦਕਾਂ ਨੂੰ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਬਾਰੇ ਸੁਚੇਤ ਹੋਣ ਦੀ ਲੋੜ ਹੈ ਜਿਹੜੀਆਂ ਕਿ ਪੈਦਾ ਹੋ ਸਕਦੀਆਂ ਹਨ ਅਤੇ ਗਾਹਕਾਂ, ਪਰਿਵਾਰਾਂ, ਬਿਜ਼ਨਸਾਂ ਅਤੇ ਉਨ੍ਹਾਂ ਦੀ ਰੋਜ਼ੀ ਦੀ ਸੁਰੱਖਿਆ ਲਈ ਕਦਮ ਚੁੱਕਣ ਦੀ ਲੋੜ ਹੈ। ਕੋਈ ਵੀ ਐਸਾ ਤਰੀਕਾ ਨਹੀਂ ਜਿਸ ਨਾਲ ਇਹ ਗਰੰਟੀ ਕੀਤੀ

ਜਾ ਸਕੇ ਕਿ ਬੇਰੀਆਂ ਪ੍ਰਦੂਸ਼ਣ ਰਹਿਤ ਹਨ ਪਰੰਤੂ GAPs ਲਾਗੂ ਕਰਨ ਨਾਲ ਪ੍ਰਦੂਸ਼ਣ ਦੇ ਖਤਰੇ ਨੂੰ ਘੱਟ ਤੋਂ ਘੱਟ ਕੀਤਾ ਜਾ ਸਕਦਾ ਹੈ।

ਭਾਵੇਂ ਕਿਸੇ ਬੀਮਾਰੀ ਦੇ ਫੈਲਣ ਵੇਲੇ ਸਾਰੇ ਹੀ ਉਤਪਾਦਕਾਂ ਦਾ ਆਮ ਨੁਕਸਾਨ ਹੁੰਦਾ ਹੈ, ਹੋਰ ਤਾਜ਼ਾ ਪ੍ਰੋਡਿਊਸਾਂ ਦੇ ਸਬੰਧ ‘ਚ ਬੀਮਾਰੀ ਫੈਲਣ ਵੇਲੇ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਜਿਹੜੇ ਉਤਪਾਦਕਾਂ ਨੇ ਖਾਧ ਪਦਾਰਥਾਂ ਦੀ ਸੁਰੱਖਿਆ ਦਾ ਪ੍ਰੋਗਰਾਮ ਲਾਗੂ ਕੀਤਾ ਹੁੰਦਾ ਹੈ ਉਨ੍ਹਾਂ ਦੀ ਵਿਕਰੀ ਵਧੇਰੇ ਰਹਿੰਦੀ ਹੈ। ਇਸੇ ਤਰ੍ਹਾਂ ਇਹ ਵੀ ਵੇਖਿਆ ਗਿਆ ਕਿ ਜਿੰਨ੍ਹਾਂ ਉਤਪਾਦਕਾਂ ਨੇ GAPs ਨਹੀਂ ਸੀ ਅਪਣਾਇਆ ਉਨ੍ਹਾਂ ਦੀ ਵਿਕਰੀ ਆਮ ਵਿਕਰੀ ਨਾਲੋਂ ਤਕਰੀਬਨ ਅੱਧੀ ਰਹਿ ਗਈ ਅਤੇ ਉਨ੍ਹਾਂ ਦੁਆਰਾ ਪੈਦਾ ਕੀਤੇ ਜਾਂਦੇ ਹੋਰ ਉਤਪਾਦਨਾਂ ਦੀ ਮੰਗ ਵੀ ਤਕਰੀਬਨ 30% ਤਕ ਘਟ ਗਈ।[1]

ਰਿਕਾਰਡ ਰੱਖਣਾਂ GAPs ਦੀ ਇਕ ਬੁਨਿਆਦੀ ਗੱਲ ਹੈ। ਕੋਈ ਸਿਖਲਾਈ, ਪਾਣੀ ਦੇ ਟੈਸਟ, ਖਾਦ ਦੀ ਵਰਤੋਂ ਤੇ ਕੀਟਨਾਸ਼ਕਾਂ ਦੀ ਵਰਤੋਂ ਦੇ ਦਸਤਾਵੇਜ਼ ਬਣਾਉਂਣਾ ਇਕ ਮਹੱਤਵਪੂਰਨ ਡੈਟਾ ਪ੍ਰਦਾਨ ਕਰ ਸਕਦੇ ਹਨ ਜਿਹੜਾ ਇਹ ਵਿਖਾਵੇਗਾ ਕਿ ਬੇਰੀ ਦੇ ਉਤਪਾਦਨ ਵੇਲੇ ਵਾਜਬ ਕਾਰਵਾਈਆਂ ਅਤੇ ਲੋੜੀਂਦੇ ਸੁਹਿਰਦ ਯਤਨ ਕੀਤੇ ਗਏ ਹਨ।



**ਹਵਾਲੇ/References:**




Changing Structure of Global Food Consumption and Trade:
http://usda.mannlib.cornell.edu/reports/erssor/international/wrs-bb/2001/wrs011.pdf

Food Safety Begins on the Farm:
http://www.sfc.ucdavis.edu/pubs/articles/foodsafetybeginsonthefarm.pdf#search=%22Food%20Safety%20Begins%20on%20the%20Farm%20Cornell%22

International Trade and Food Safety: Economic Theory and Case Studies:
http://www.ers.usda.gov/publications/aer828/aer828g.pdf

[1]The Economics of Food Safety: The Case of Green Onions and Hepatitis A Outbreaks:
http://usda.mannlib.cornell.edu/reports/erssor/specialty/vgs-bb/2004/vgs30501.pdf


ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:

| | |
|---|---|
| BC Blueberry Council | 604-864-2117 |
| Fraser Valley Strawberry Growers Association | 604-864-0565 |
| Raspberry Industry Development Council | 604-854-8010 |